**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀਐਸਬੀਟੀਈ/ਆਈ.ਟੀ/2015/372 **ਅਤਿ ਜ਼ਰੂਰੀ** ਮਿਤੀ: 4.2.16

ਸੇਵਾ ਵਿਖੇ,

ਪ੍ਰਿੰਸੀਪਲ,
ਪੰਜਾਬ ਰਾਜ ਅਧੀਨ
ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ।

**ਵਿਸ਼ਾ:** **ਡੀ.ਜੀ.ਟੀ, ਨਵੀਂ ਦਿੱਲੀ ਦੇ ਐਮ.ਆਈ.ਐਸ ਰਾਹੀਂ ਪ੍ਰਾਪਤ ਹਾਲ ਟਿਕਟ ਅਤੇ ਬੋਰਡ ਵੱਲੋਂ ਵੈਬ ਤੇ ਅਪਲੋਡ ਕੀਤੇ ਰੋਲ ਨੰਬਰ ਜਾਰੀ ਕਰਨ ਸਬੰਧੀ ਜ਼ਰੂਰੀ ਹਦਾਇਤਾਂ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦਸਿਆ ਜਾਂਦਾ ਹੈ ਕਿ ਬੋਰਡ ਵੱਲੋਂ ਆਈ.ਟੀ.ਆਈ ਸੰਸਥਾਵਾਂ ਦੇ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਸਮੈਸਟਰ ਦੇ ਸਿਖਿਆਰਥੀ ਜਿਹਨਾਂ ਦੀ ਪ੍ਰੀਖਿਆ ਜਨਵਰੀ 2016 ਸੀ.ਟੀ.ਐਸ ਸਕੀਮ ਅਧੀਨ ਹੋ ਰਹੀ ਹੈ, ਦੇ ਹਾਲ ਟਿਕਟ ਅਤੇ ਐਸ.ਸੀ.ਵੀ.ਟੀ ਅਤੇ ਕਨਵੈਸ਼ਨਲ ਪੈਟਰਨ ਦੇ ਰੋਲ ਨੰਬਰ ਬੋਰਡ ਦੀ ਵੈਬਸਾਇਟ ਤੇ ਪਾਏ ਜਾ ਰਹੇ ਹਨ। ਪ੍ਰਿੰਸੀਪਲ/ਸੰਸਥਾ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਸਿਖਿਆਰਥੀਆਂ ਦੇ ਰੋਲ ਨੰਬਰ ਪ੍ਰਿੰਟ ਕਰਨ ਉਪਰੰਤ ਜਾਰੀ ਕਰਨ ਸਮੇਂ ਹੇਠ ਲਿਖਿਆਂ ਜ਼ਰੂਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ:

1. ਸਿਖਿਆਰਥੀਆਂ ਦੀਆਂ ਡੀ.ਜੀ.ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਹਾਜ਼ਰੀਆਂ, ਫੀਸ ਆਦਿ ਪੂਰੀ ਹੋਵੇ।
2. ਸਿਖਿਆਰਥੀ ਵੱਲੋਂ ਪ੍ਰੀਖਿਆ ਫਾਰਮ ਅਤੇ ਫੀਸ ਭਰੀ ਗਈ ਹੋਵੇ ਅਤੇ ਬੋਰਡ ਦਫਤਰ ਵਿਖੇ ਜਮਾਂ ਕਰਵਾਈ ਗਈ ਹੋਵੇ।
3. ਰੋਲ ਨੰਬਰ ਸਲਿੱਪ ਤੇ ਸਿਖਿਆਰਥੀ ਦੀ ਫੋਟੋ ਪ੍ਰਿੰਸੀਪਲ ਦੁਆਰਾ ਤਸਦੀਕ ਕੀਤੀ ਜਾਵੇ। ਰੋਲ ਨੰਬਰ(Hall Ticket) ਸਲਿੱਪ ਤੇ ਸਿਖਿਆਰਥੀ ਦਾ ਬੋਰਡ ਦੁਆਰਾ ਜਾਰੀ ਪੂਰਾ ਰਜਿਸਟਰੇਸ਼ਨ ਨੰਬਰ ਲਿਖਿਆ ਜਾਵੇ।
4. ਇਸ ਤੋਂ ਇਲਾਵਾ ਡੀ.ਜੀ.ਟੀ, ਨਵੀਂ ਦਿੱਲੀ ਅਤੇ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਹੋਈਆਂ/ਹੋਣ ਵਾਲੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਯਕੀਨੀ ਬਣਾਈ ਜਾਵੇ।

ਸੰਸਥਾ ਦੇ ਮੁੱਖੀ ਇਹ ਯਕੀਨੀ ਬਣਾਉਣ ਕਿ ਰੋਲ ਨੰਬਰ ਕੇਵਲ ਉਹਨਾਂ ਸਿਖਿਆਰਥੀਆਂ ਨੂੰ ਜਾਰੀ ਕੀਤੇ ਜਾਣ ਜੋ ਕਿ ਪੰਜਾਬ ਬੋਰਡ ਅਤੇ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਪੂਰੀਆਂ ਕਰਦੇ ਹੋਣ ਅਤੇ ਦਾਖਲਾ ਵੀ ਐਫੀਲਿਏਸ਼ਨ ਰਿਕਾਰਡ ਮੁਤਾਬਕ ਹੋਇਆ ਹੋਵੇ। ਉਪਰੋਕਤ ਦਰਸਾਈਆਂ ਹਦਾਇਤਾਂ ਦੀ ਉਲੰਘਣਾ ਹੋਣ ਦੀ ਸੂਰਤ ਵਿੱਚ ਪੂਰਨ ਜਿੰਮੇਵਾਰੀ ਪ੍ਰਿੰਸੀਪਲ/ਸੰਸਥਾ ਮੁੱਖੀ ਦੀ ਹੋਵੇਗੀ ਅਤੇ ਬੋਰਡ ਵੱਲੋਂ ਅਜਿਹੇ ਕੇਸਾਂ ਦਾ ਨਤੀਜਾ ਰੋਕ ਲਿਆ ਜਾਵੇਗਾ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)